# ਖ਼ੁਲਾਸਾ ਖ਼ੁਤਬਾ ਜੁਮਆ 7 .11.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 7 ਨਵੰਬਰ ਸਨ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਹਕੀਕੀ ਨੇਕੀ ਨੂੰ ਤੁਸੀਂ ਕਦੇ ਵੀ ਨਹੀ ਪਾ ਸਕਦੇ ਜੱਦ ਤੱਕ ਤੁਸੀਂ ਸਭ ਤੋਂ ਪਿਆਰੀ ਚੀਜ਼ ਖਰਚ ਨਹੀਂ ਕਰੋਗੇ ਕਿਉਂਕਿ ਇਲਹੀ ਮਖ਼ਲੂਕ ਨਾਲ ਹਮਦਰਕੀ ਤੇ ਸਲੂਕ ਦਾ ਇਕ ਬਹੁਤ ਵੱਡਾ ਭਾਗ ਮਾਲ ਖਰਚ ਕਰਨ ਦੀ ਲੋੜ ਦਸਦਾ ਹੈ ਅਤੇ ਪ੍ਰਕਿਰਤੀ ਤੇ ਇਲਾਹੀ ਮਖ਼ਲੂਕ ਦੀ ਹਮਦਰਦੀ ਇਕ ਅਜਿਹੀ ਸ਼ੈਅ ਹੈ ਜੋ ਈਮਾਨ ਦਾ ਦੂਜਾ ਅੰਗ ਹੈ ਜਿਸ ਤੋਂ ਬਿਨਾ ਈਮਾਨ ਕਾਮਲ ਤੇ ਪੂਰਨ ਨਹੀਂ ਹੁੰਦਾ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

(لَنْ تَنَالُوا الْبِرَّ حَتّٰى تُنْفِقُوْا مِمَّا تُحِبُّوْنَ وَمَا تُنْفِقُوْا مِنْ شَيْءٍ فَاِنَّ اللّٰهَ بِهٖ عَلِيْمٌ (آل عمران 93

ਲਨ ਤਨਾਲੁਲ ਬਿਰੱਾ ਹਤੱਾ ਤੁਨਫ਼ਿਕੂ ਮਿਮੱਾ ਤੁਹਿਬੂੱਨ, ਵਮਾ ਤੁਨਫ਼ਿਕੂ ਮਿਨ ਸ਼ੈ ਇਨ ਫ਼ ਇਨੱਲੱਾਹਾ ਬਿਹੀ ਅਲੀਮ

ਤੁਸੀਂ ਕਦੇ ਵੀ ਨੇਕੀ ਨਹੀਂ ਪਾ ਸਕਦੇ ਇੱਥੋਂ ਤੱਕ ਕਿ ਤੁਸੀਂ ਉਹਨਾਂ ਚੀਜ਼ਾ ਵਿੱਚੋਂ ਖਰਚ ਕਰੋ ਜਿੰਨ੍ਹਾ ਤੋਂ ਤੁਸੀਂ ਪ੍ਰੇਮ ਕਰਦੇ ਹੋ, ਅਵਸ਼ ਹੀ ਅਲੱਾਹ ਬਹੁਤ ਜਾਣਦਾ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਸ ਬਾਰੇ ਇਸ ਦਾ ਵਿਸਥਾਰ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਦੁਨੀਆ ਵਿੱਚ ਮਨੁੱਖ ਧੰਨ ਨਾਲ ਬਹੁਤ ਪ੍ਰੇਮ ਕਰਦਾ ਹੈ । ਇਸੇ ਲਈ ਸੁਵਪੱਨਫ਼ਲ ਦੀ ਗਿਆਨ ਪੁਸਤਿਕਾ ਵਿੱਚ ਲਿੱਖਿਆ ਹੈ ਕਿ ਜੇਕਰ ਕੋਈ ਮਨੁੱਖ ਦੇਖੇ ਕਿ ਉਸ ਨੇ ਜਿਗਰ ਕੱਢ ਕੇ ਕਿਸੇ ਨੂੰ ਦਿੱਤਾ ਹੈ (ਸੁਪਨੇ ਵਿੱਚ ਦੇਖੇ) ਤਾਂ ਇਸ ਤੋਂ ਭਾਵ ਧੰਨ ਹੈ । ਇਹੋ ਸਬਬ ਹੈ ਕਿ ਹਕੀਕੀ ਸੰਜਮਤਾ ਤੇ ਅਸਥਾ (ਈਮਾਨ) ਹਾਸਲ ਕਰਨ ਲਈ ਫ਼ਰਮਾਇਆ, "ਲਨ ਤਨਾਲੁਲ ਬਿਰੱਾ ਹਤੱਾ ਤੁਨਫ਼ਿਕੂ ਮਿਮੱਾ ਤੁਹਿਬੂੱਨ" (لَنْ تَنَالُوا الْبِرَّ حَتّٰى تُنْفِقُوْا مِمَّا تُحِبُّوْنَ) ਕਿ ਹਕੀਕੀ ਨੇਕੀ ਤੁਸੀਂ ਕਦੇ ਵੀ ਨਹੀਂ ਪ੍ਰਾਪਤ ਕਰ ਸਕਦੇ ਜੱਦ ਤੱਕ ਤੁਸੀਂ ਆਪਣੀ ਸਭ ਤੋਂ ਪਿਆਰੀ ਚੀਜ਼ ਖ਼ਰਚ ਨ ਕਰੋਗੇ ਕਿਉਂਕਿ ਰੱਬ ਦੀ ਮਖ਼ਲੂਕ ਨਾਲ ਹਮਦਰਦੀ ਅਤੇ ਵਰਤਾਓ ਦਾ ਇਕ ਬਹੁਤਾ ਹਿਸੱਾ ਧੰਨ ਖਰਚ ਕਰਨ ਦੀ ਲੋੜ ਦਸਦਾ ਹੈ ਪ੍ਰਕਿਰਤੀ ਅਤੇ ਰੱਬ ਦੀ ਮਖ਼ਲੂਕ ਨਾਲ ਹਮਦਰਦੀ ਇਕ ਅਜਿਹੀ ਚੀਜ਼ ਹੈ ਜੋ ਆਸਥਾ ਦਾ ਦੂਜਾ ਅੰਗ ਹੈ ਇਸ ਤੋਂ ਬਿਨਾਂ ਆਸਥਾ (ਈਮਾਨ) ਸੰਪੂਰਨ ਤੇ ਮਜ਼ਬੂਤ ਨਹੀਂ ਹੁੰਦੀ । ਜੱਦ ਤੱਕ ਮਨੁੱਖ ਹਮਦਰਦੀ ਨ ਕਰੇ ਦੂਜੇ ਨੂੰ ਕਿਵੇਂ ਲਾਭ ਪਹੁੰਚਾ ਸਕਦਾ ਹੈ । ਦੂਜੇ ਨੂੰ ਲਾਭ ਪਹੁੰਚਾਉਣ ਅਤੇ ਹਮਦਰਦੀ ਲਈ ਸਵਾਰਥ ਦਾ ਤਿਆਗ ਅਤਿ ਜ਼ਰੂਰੀ ਸ਼ੈਅ ਹੈ ਅਤੇ ਇਸ ਆਇਤ ਵਿੱਚ ਇਸੇ ਸਵਾਰਥ ਦੇ ਤਿਆਗ ਦੀ ਸਿੱਖਿਆ ਤੇ ਹਦਾਇਤ ਕੀਤੀ ਗਈ ਹੈ ।

ਸੋ, ਧੰਨ ਦਾ ਰੱਬ ਦੇ ਮਾਰਗ ਵਿੱਚ ਖ਼ਰਚ ਕਰਨਾ ਵੀ ਮਨੁੱਖ ਲਈ ਸੁਭਾਗ ਤੇ ਸੰਜਮਤਾ ਦਾ ਮਿਆਰ ਅਤੇ ਕਸੌਟੀ ਹੈ । ਅਬੂਬਕਰ ਰਜ਼ੀ ਅਲੱਾਹ ਅਨਹੁ ਦੇ ਜੀਵਨ ਵਿੱਚ ਇਲਾਹੀ ਵਕਫ਼ ਦਾ ਮਿਆਰ ਤੇ ਕਸੌਟੀ ਉਹ ਸੀ ਜੋ ਰਸੂਲੇਕਰੀਮ ਸਲਲੱਾਹੁ ਅਲੈਹਿ ਵਸਲਅਮ ਨੇ ਇਕ ਜ਼ਰੂਰਤ ਵਰਨਣ ਕੀਤੀ ਅਤੇ ਉਹ ਘਰ ਦਾ ਸਾਰਾ ਅਸਾਸਾ (ਕੁਲ ਸੰਪਤੀ) ਲੈਕੇ ਹਾਜ਼ਰ ਹੋ ਗਏ । ਅਲੱਾਹ ਤਆਲਾ ਦਾ ਸਾਡੇ ਉਪੱਰ ਉਪਕਾਰ ਹੈ ਕਿ ਉਸ ਨੇ ਸਾਨੂੰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਮਨ੍ਹਣ ਦੀ ਤੌਫ਼ੀਕ ਬਖ਼ਸ਼ੀ ਹੈ ਜਿਨ੍ਹਾ ਨੇ ਸਾਡੀ ਆਸਥਾ ਤੇ ਕਰਮ ਰੂਪੀ ਸੁਧਾਰ ਲਈ ਰੱਬ ਦੇ ਦੱਸੇ ਹੋਏ ਹੁਕਮਾਂ ਅਤੇ ਉਸ ਦੀ ਸਿੱਖਿਆ ਅਨੁਸਾਰ ਕੀਤੀ, ਓਥੇ ਰੂਹਾਨੀ ਪ੍ਰਗਤੀ ਤੇ ਸ਼ੁੱਧੀ ਦੇ ਵੀ ਕੁਰਆਨੀ ਸਿੱਖਿਆ ਅਨੁਸਾਰ ਤਰੀਕੇ ਸਿਖਾਏ । ਹਕੂਕੁਲੱਾਹ (ਰੱਬ ਦੇ ਹਕ ਬੰਦਗੀ ਆਦਿ) ਵੱਲ ਧਿਆਨ ਦੁਆਇਆ ਅਤੇ ਹਕੂਕੁਲ ਇਬਾਦ (ਮਖ਼ਲੂਕ ਦੇ ਹਕ) ਦੇ ਹੱਕ ਵੱਲ ਵੀ ਧਿਆਨ ਦੁਆਇਆ । ਜਾਨ, ਮਾਲ, ਸਮਾਂ ਤੇ ਸੰਤਾਨ ਨੂੰ ਰੱਬ ਦੀ ਰਜ਼ਾ ਹਾਸਲ ਕਰਨ ਲਈ ਕੁਰਬਾਨ ਕਰਨ ਦੀ ਰੂਹ ਪੈਦਾ ਕੀਤੀ ਆਪਣੀ ਜਮਾਤ ਦੇ ਹਰ ਮਨੁੱਖ ਤੋਂ ਇਹ ਆਸ ਰੱਖੀ ਕਿ ਉਹ ਆਪਣੀਆਂ ਹਾਲਤਾਂ ਨੂੰ ਪੂਰਨ ਰੂਪ ਵਿੱਚ ਰੱਬ ਦੀ ਸਿੱਖਿਆ ਅਨੁਸਾਰ ਬਨਾਉਣ, ਤਾਂ ਹੀ ਉਹ ਕਹੀਕੀ ਅਹਮਦੀ

ਅਖਵਾ ਸਕਦੇ ਹਨ । ਇਸ ਲਈ ਸਾਨੂੰ ਜਤਨ ਕਰਨਾ ਚਾਹੀਦਾ ਹੈ ਕਿ ਆਪਣੇ ਜੀਵਨ ਨੂੰ ਆਪ ਦੀ ਆਸ ਤੇ ਇੱਛਾ ਅਨੁਸਾਰ ਢਾਲਣ ਦਾ ਜਤਨ ਕਰੀਏ । ਇਹ ਕਥਨ ਜੋ ਮੈਂ ਪੜ੍ਹਿਆ ਹੈ ਇਹ ਉਸ ਆਇਤ ਦੇ ਵਿਸਥਾਰ ਵਿੱਚ ਹੈ ਜਿਸ ਦੀ ਮੈਂ ਪਹਿਲਾਂ ਤਲਾਵਤ ਕੀਤੀ ਸੀ ਜਿਵੇਂ ਕਿ ਮੈਂ ਦੱਸਿਆ । ਇਸ ਵਿੱਚ ਅਲੱਾਹ ਤਆਲਾ ਸਾਨੂੰ ਸਾਡੀ ਰੂਹਾਨੀ ਤਰੱਕੀ ਲਈ ਜੋ ਇਕ ਮੋਮਨ ਦੀਆਂ ਜ਼ਿੰਮੇਦਾਰੀਆਂ ਹਨ ਉਹਨਾਂ ਵੱਲ ਧਿਆਨ ਦੁਆ ਰਿਹਾ ਹੈ, ਅਰਥਾਤ ਉਹਨਾਂ ਵਿੱਚੋਂ ਇਕ ਜ਼ਿੰਮੇਦਾਰੀ ਧੰਨ ਮਾਲ ਦੀ ਕੁਰਬਾਨੀ ਹੈ । ਸੋ, ਇਹ ਵਿਸ਼ਾਲ ਵਿਸ਼ਾ ਹੈ ਪਰ ਇਸ ਸਮੇਂ ਧੰਨ ਦੀ ਕੁਰਬਾਨੀ ਬਾਰੇ ਜਿਵੇਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਧੰਨ ਦੀ ਕੁਰਬਾਨੀ ਵੀ ਅਲੱਾਹ ਤੇ ਉਸਦੇ ਬੰਦਿਆਂ ਦੇ ਹਕ ਪੂਰੇ ਕਰਨ ਦਾ ਬਹੁਤ ਵੱਡਾ ਸਾਧਨ ਹੈ । ਇਸ ਪੱਖੋਂ ਇਸ ਆਇਤ ਵਿੱਚ ਜੋ ਕਿ ਧੰਨ ਦੀ ਕੁਰਬਾਨੀ ਦਾ ਪੱਖ ਹੈ ਉਹ ਮੈਂ ਵਰਨਣ ਕਰਾਂਗਾ । ਰੱਬ ਦੀ ਮਖ਼ਲੂਕ ਦੇ ਹਕ ਪੂਰੇ ਕਰਨ ਲਈ ਵੀ ਅਤੇ ਧਰਮ ਦੇ ਕੰਮ ਤੇ ਪ੍ਰਸਾਰ ਲਈ ਵੀ ਧੰਨ ਦੀ ਕੁਰਬਾਨੀ ਦੀ ਲੋੜ ਹੈ । ਇਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਥਨ ਦਾ ਸਾਰ ਹੈ ਅਤੇ ਮਸੀਹ ਮਊਦ ਅਲੈਹਿ ਸਲਾਮ ਦੇ ਸਮੇਂ ਵਿੱਚ ਇਹ ਕੰਮ ਆਪਣੇ ਅਤਿ ਨੂੰ ਪਹੁੰਚੇ ਹੋਏ ਸਨ ਅਤੇ ਅੱਜ ਅਸੀਂ ਅਹਮਦੀ ਉਹਨਾਂ ਖ਼ੁਸ਼ ਨਸੀਬਾਂ ਵਿੱਚ ਸ਼ਾਮਲ ਹਨ ਜੋ ਇਸ ਕੰਮ ਦੀ ਪੂਰਨਤਾ ਵਿੱਚ ਭਾਗ ਲੈ ਰਹੇ ਹਾਂ ਤਾਂ ਜੋ ਅਸੀਂ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਬਣੀਏ । ਅੱਜ ਦੁਨੀਆ ਮਾਲ ਦੇ ਪ੍ਰੇਮ ਵਿਚ ਪਤਾ ਨਹੀਂ ਕੀ ਕੁਝ ਕਰ ਰਹੀ ਹੈ ਪਰ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੀ ਸਿੱਖਿਆ ਤੇ ਤਰਬੀਯਤ ਦਾ ਪ੍ਰਭਾਵ ਹੈ ਕਿ ਅਹਮਦੀਆਂ ਦੀ ਬਹੁਤ ਵੱਡੀ ਗਿਣਤੀ ਅਧਿਕਤਰ ਅਲੱਾਹ ਤਆਲਾ ਦੀ ਰਜ਼ਾ ਹਾਸਲ ਕਰਨ ਲਈ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਲਿਆਂਦੇ ਹੋਏ ਧਰਮ ਦੇ ਪ੍ਰਸਾਰ ਲਈ ਅਸੀਂ ਆਪਣੇ ਪਸੰਦੀਦਾ ਮਾਲ ਵਿੱਚੋਂ ਖਰਚ ਕਰਦੇ ਹਾਂ ਅਤੇ ਕਦੇ ਇਹ ਮਾਲ ਖਰਚ ਕਰਨੀ ਦੀ ਤੌਫ਼ੀਕ ਘੱਟ ਜਾਵੇ ਤਾਂ ਅਸੀਂ ਚਿੰਤਤ ਹੋ ਉਠਦੇ ਹਾਂ ਰੋਂਦੇ ਹਾਂ, ਇਹ ਰੂਹ ਹੈ ਜਮਾਤ ਦਾ ਲੋਕਾਂ ਦੀ । ਧੰਨ ਦੀ ਕੁਰਬਾਨੀ ਦੀ ਕੀ ਮਹੱਤਾ ਹੈ ? ਕੀ ਕੀ ਕੰਮ ਹਨ ? ਜੱਦ ਲੋਕਾਂ'ਤੇ ਸਪਸ਼ਟ ਹੋ ਜਾਵੇ ਤਾਂ ਫ਼ਿਰ ਹਰ ਸਮੇਂ ਕੁਰਬਾਨੀ ਲਈ ਤਿਆਰ ਰਹਿੰਦੇ ਹਨ । ਸੋ, ਜੇਕਰ ਕਮਜ਼ੋਰੀ ਹੈ ਤਾਂ ਨਿਜ਼ਾਮ ਵਿੱਚ ਕਮਜ਼ੋਰੀ ਹੁੰਦੀ ਹੈ, ਰੱਬ ਦੀ ਕ੍ਰਿਪਾ ਨਾਲ ਲੋਕਾਂ ਦੇ ਈਮਾਨ ਵਿੱਚ ਕੋਈ ਕਮਜ਼ੋਰੀ ਨਹੀਂ ਹੈ ।

ਇਸ ਸਮੇਂ ਕੁਝ ਘਟਨਾਵਾਂ ਵਰਨਣ ਕਰਾਂਗਾ ਕਿ ਇਸ ਜੁੱਗ ਵਿੱਚ ਵੀ ਰੱਬ ਕਿਵੇਂ ਲੋਕਾਂ ਦੇ ਦਿਲਾਂ ਵਿੱਚ ਕੁਰਬਾਨੀ ਦੀ ਰੂਹ ਪੈਦਾ ਕਰਦਾ ਹੈ । ਬੈਨਿਨ ਦੇ ਅਮੀਰ ਸਾਹਬ ਲਿੱਖਦੇ ਹਨ ਕਿ ਪੋਰਤੁਨੋਵੋ ਦੇ ਇਕ ਪ੍ਰਸਿੱਧ ਅਹਮਦੀ ਹਨ ਮਸ਼ਹੂਦੀ ਸਾਹਬ, ਉਹਨਾਂ ਨੇ ਇਕ ਹਜ਼ਾਰ ਪੌਂਡ ਤੋਂ ਵੱਧ ਦੀ ਕੁਰਬਾਨੀ ਕੀਤੀ । ਹੁਣ ਅਫ਼ਰੀਕਾ ਦੇ ਦੇਸ਼ਾਂ ਵਿੱਚ ਐਨ੍ਹੀ ਵੱਡੀ ਕੁਰਬਾਨੀ ਬਹੁਤ ਵੱਡੀ ਚੀਜ਼ ਹੈ । ਜੱਦ ਉਹਨਾਂ ਨੂੰ ਮੁਬੱਲਗ਼ ਨੇ ਕਿਹਾ ਕਿ ਆਪ ਐਨ੍ਹਾ ਕਰ ਰਹੇ ਹਨ ਵਕਫ਼ੇ ਜਦੀਦ ਦਾ ਵੀ ਚੰਦਾ ਹੈ ਅਤੇ ਦੂਜੇ ਚੰਦੇ ਵੀ ਹਨ ਤਾਂ ਉਹਨਾਂ ਨੇ ਕਿਹਾ ਕਿ ਬੇਸ਼ਕ ਹੋਣਗੇ ਪਰ ਇਸ ਸਮੇਂ ਮੈਂ ਘੱਟ ਨਹੀਂ ਕਰਾਂਗਾ । ਅਲਾਹ ਤਆਲਾ ਉਹਨਾਂ ਲਈ ਵੀ ਸਾਧਨ ਜੁਟਾ ਦੇਵੇਗਾ । ਸੋ, ਇਹ ਹੈ ਉਹ ਰੂਹ ਜੋ ਉਹਨਾਂ ਲੋਕਾਂ ਵਿੱਚ ਪੈਦਾ ਹੋ ਰਹੀ ਹੈ । ਫਿਰ ਬੈਨਿਨ ਦੇ ਸਾਡੇ ਮੁਬੱਲਗ਼ ਲਿਖੱਦੇ ਹਨ ਕਿ ਸਾਵੇ ਰੀਜਨ ਦੇ ਇਕ ਨਵੇਂ ਅਹਮਦੀ ਜਮਾਤ ਪੀਲ ਵਿੱਚ ਤਰਬੀਯਤੀ ਇਜਲਾਸ ਅਯੋਜਤ ਕੀਤਾ ਗਿਆ ਤਾਂ ਤਰਹਰੀਕੇ ਜਦੀਦ ਦਾ ਇਤਿਹਾਸਕ ਪਿਛੋਕੜ ਵਰਨਣ ਕੀਤਾ ਗਿਆ ਅਤੇ ਮਾਲੀ ਕੁਰਬਾਨੀ ਬਾਰੇ ਧਿਆਨ ਦੁਆਇਆ ਗਿਆ । ਇਜਲਾਸ ਦੇ ਬਾਦ ਲੋਕਾਂ ਨੇ ਆਪਣਾ ਆਪਣਾ ਚੰਦਾ ਪੇਸ਼ ਕੀਤਾ ਇਕ ਸਜੱਣ ਨੇ ਪੁੱਛਿਆ ਕਿ ਮੇਰੇ ਕੋਲ ਰਕਮ ਤਾਂ ਨਹੀਂ ਹੈ ਪਰ ਚੰਦਾ ਦੇਣ ਦੀ ਇੱਛਾ ਹੈ । ਇਸ'ਤੇ ਓਥੋਂ ਦੇ ਲੋਕਲ ਮੁਬਲੱਗ਼ ਨੇ ਉਹਨਾਂ ਦਾ ਮਾਰਗ ਦਰਸ਼ਨ ਕੀਤਾ ਕਿ ਆਪਣੀ ਸਮਰਥਾ ਅਨੁਸਾਰ ਜੋ ਕੁਝ ਹੈ ਉਹ ਪੇਸ਼ ਕਰਨ । ਇਸ'ਤੇ ਉਹ ਸਜੱਣ ਆਪਣੇ ਘਰ ਗਏ, ਬਹੁਤ ਗ਼ਰੀਬ ਸਨ ਘਰ ਵਿੱਚੋਂ ਮੁਰਗ਼ੀ ਦੇ ਦੋ ਆਂਡੇ ਲੈਕੇ ਆਏ ਕਿ ਇਸ ਸਮੇਂ ਮੇਰੇ ਕੋਲ ਇਹ ਹਨ ਤਾਂ ਉਹਨਾਂ ਨੂੰ ਦੱਸਿਆ ਗਿਆ ਕਿ ਜਮਾਤ ਨੂੰ ਵੀ ਕਿ ਉਹਨਾਂ ਦੀ ਸਮਾਰਥਾ ਅਨੁਸਾਰ ਬਹੁਤ ਵੱਡੀ ਕੁਰਬਾਨੀ ਹੈ ਅਤੇ ਰੱਬ ਦੀ ਨਿਗਾਹ ਵਿੱਚ ਕੋਈ ਕੁਰਬਾਨੀ ਛੋਟੀ ਨਹੀਂ ਹੁੰਦੀ ਕੇਵਲ ਨੀਯਤ ਨੇਕ ਹੋਣੀ ਚਾਹੀਦੀ ਹੈ । ਫਿਰ 'ਮਾਲੀ' ਦੀ ਇਕ ਰਿਪੋਰਟ ਹੈ ਕਿ ਇਕ ਪੁਰਾਣੇ ਅਹਮਦੀ ਅਬੂ ਬਕਰ ਜਾਰਾ ਸਾਹਬ ਨੇ ਕਿਸੇ ਕਾਰਣ ਚੰਦਾ ਦੇਣਾ ਛੱਡ ਦਿੱਤਾ ਅਤੇ ਹੋਲੀ ਹੋਲੀ ਜਮਾਤੀ ਕਾਰਜਾਂ ਵਿੱਚ ਵੀ ਆਉਂਣਾ ਛੱਡ ਦਿੱਤਾ । ਇਸ'ਤੇ ਉਹਨਾਂ ਨੂੰ ਵਾਹਵਾ ਸਮਝਾਇਆ ਗਿਆ ਪਰ ਕੋਈ ਫ਼ਰਕ ਨਹੀਂ ਪੈਂਦਾ ਸੀ । ਇਕ ਸਮਾਂ ਪਾਕੇ ਇਕ ਦਿਨ ਉਹ ਮਿਸ਼ਨ ਵਿੱਚ ਆਏ ਅਤੇ ਆਪਣਾ ਸਾਰਾ ਚੰਦਾ ਅਦਾ ਕੀਤਾ ਅਤੇ ਦੱਸਿਆ ਕਿ ਅੱਜ ਰਾਤ ਉਹਨਾਂ ਨੇ ਸੁਪਨੇ ਵਿੱਚ ਦੇਖਿਆ ਕਿ ਉਹ ਬਹੁਤ ਡੂੰਘੇ ਪਾਣੀ ਵਿੱਚ ਡੁੱਬ ਰਹੇ ਹਨ ਅਤੇ ਕੋਈ ਉਹਨਾਂ ਦੀ ਮਦਦ ਲਈ ਨਹੀਂ ਆ ਰਿਹਾ । ਐਨੇ੍ਹ ਵਿੱਚ ਉਹ ਇਕ ਕਿਸ਼ਤੀ (ਬੇੜੀ) ਦੇਖਦੇ ਹਨ

ਜਿਸ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਸਵਾਰ ਹਨ । ਹਜ਼ੂਰ ਨੇ ਉਹਨਾਂ ਦਾ ਹੱਥ ਫੜਿਆ ਅਤੇ ਕਿਸ਼ਤੀ ਵਿੱਚ ਆਪਣੇ ਨਾਲ ਬਿਠਾ ਲਿਆ ਅਤੇ ਫ਼ਰਮਾਇਆ ਕਿ ਭਵਿੱਖ ਵਿੱਚ ਕਦੇ ਵੀ ਚੰਦਾ ਦੇਣ ਵਿੱਚ ਸੁਸਤੀ ਨ ਕਰਨਾ । ਇਸ ਸੁਪਨੇ ਦੇ ਬਾਦ ਉਹਨਾ ਨੇ ਪੁਖ਼ਤਾ ਵਾਦਾ ਕੀਤਾ ਕਿ ਭਵਿੱਖ ਵਿੱਚ ਕਦੇ ਵੀ ਉਹ ਚੰਦਾ ਦੇਣ ਵਿੱਚ ਸੁਸਤੀ ਨਹੀਂ ਕਰਨਗੇ ਅਤੇ ਨ ਹੀ ਜਮਾਤੀ ਕੰਮਾ ਵਿੱਚ ਗ਼ਫਲਤ ਕਰਨਗੇ ।

ਸੋ, ਜਿੱਥੇ ਇਹ ਚੰਦੇ ਦੀ ਮਹਤੱਾ ਦਾ ਪ੍ਰਮਾਣ ਹੈ, ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦੀ ਸਚੱਾਈ ਦਾ ਵੀ ਸਬੂਤ ਹੈ ਕਿ ਦੂਰ ਦੁਰਾਡੇ ਦੇ ਇਕ ਦੇਸ਼ ਵਿੱਚ ਅਤੇ ਉਸ ਦੇਸ਼ ਦੇ ਵੀ ਇਕ ਦੂਰ ਦੁਰਾਡੇ ਖੇਤਰ ਵਿੱਚ ਇਕ ਮਨੁੱਖ ਅਮਹਦੀਅਤ ਕਬੂਲ ਕਰਦਾ ਹੈ ਫਿਰ ਪਿੱਛੇ ਹੱਟ ਜਾਂਦਾ ਹੈ ਅਤੇ ਫਿਰ ਸੁਪਨੇ ਰਾਹੀਂ ਉਸਦੀ ਰਹਿਨੁਮਾਈ ਹੁੰਦੀ ਹੈ । ਦਾਰੁਸੱਲਾਮ ਤਨਜ਼ਾਨੀਆ ਦੇ ਇਕ ਅਹਮਦੀ ਸਜੱਣ ਈਸਾ ਸਾਹਬ ਵਰਨਣ ਕਰਦੇ ਹਨ । ਉਹਨਾਂ ਨੇ ਨੱਬੇ ਦੀ ਦਹਾਈ ਵਿੱਚ ਅਹਮਦੀਅਤ ਪਰਵਾਨ ਕੀਤੀ ਸੀ ਇਸ ਤੋਂ ਪਹਿਲਾਂ ਉਹ ਈਸਾਈ ਧਰਮ ਨਾਲ ਸੰਬੰਧ ਰੱਖਦੇ ਸਨ, ਪਰ ਅਹਮਦੀਅਤ ਕਬੂਲ ਕਰਨ ਦੇ ਬਾਦ ਆਸਥਾ ਵਿੱਚ ਰਬਹੁਤ ਤਰੱਕੀ ਕੀਤੀ । ਹੁਣ ਮਾਸ਼ਾਅਲੱਾਹ ਮੂਸੀ ਹਨ ਅਤੇ ਮਾਲੀ ਕੁਰਬਾਨੀ ਕਰਨ ਵਾਲੇ ਹਨ । ਹਮੇਸ਼ਾ ਆਪਣਾ ਤੇ ਆਪਣੀ ਫ਼ੈਮਲੀ ਦਾ ਚੰਦਾ ਵਾਦੇ ਤੋਂ ਅਧਿਕ ਦੇਣ ਵਾਲੇ ਹਨ । ਜਮਾਤੀ ਤਾਲੀਮ ਨੂੰ ਬਜਾ ਲਿਆਉਣ ਵਿੱਚ ਪੁਰਾਣੇ ਅਹਮਦੀਆਂ ਤੋਂ ਬਹੁਤ ਅੱਗੇ ਹਨ । ਅਲੱਾਹ ਦੀ ਅਪਾਰ ਮਿਹਰ ਨਾਲ ਦਾਰੁਸੱਲਾਮ ਰੀਜਨ ਦੇ ਪ੍ਰੈਜ਼ੀਡੈਂਟ ਹਨ, ਕਹਿੰਦੇ ਹਨ ਕਿ ਜੱਦ ਤੋਂ ਮੈਂ ਅਲੱਾਹ ਦੇ ਮਾਰਗ ਵਿੱਚ ਕੁਰਬਾਨੀ ਕਰਨੀ ਸ਼ੁਰੂ ਕੀਤੀ ਹੈ ਬਹੁਤ ਸਾਰੀਆਂ ਰੱਬ ਦੀਆਂ ਮਿਹਰਾਂ ਮੈਂ ਆਪਣੇ ਉਪੱਰ ਨਾਜ਼ਲ ਹੁੰਦੀਆਂ ਦੇਖੀਆਂ ਹਨ । ਇਸੇ ਪ੍ਰਕਾਰ ਅਲਾਡਾ ਰੀਜਨ ਦੇ ਮੁਬੱਲਗ਼ ਸਾਹਬ ਕਹਿੰਦੇ ਹਨ ਇਕ ਵਾਰ ਸੋਯੋ ਜਮਾਤ ਦੇ ਦੌਰੇ'ਤੇ ਗਏ ਤਾਂ ਇਕ ਸੱਤ ਸਾਲ ਦੀ ਬੱਚੀ, ਹੁਣ ਦੇਖੋ ਬੱਚਿਆਂ ਦੇ ਦਿਲਾਂ ਵਿੱਚ ਵੀ ਕਿਵੇਂ ਅਲੱਾਹ ਤਆਲਾ ਪਾਉਂਦਾ ਹੈ, ਰਾਸ਼ਦਾ ਟਮਾਟਰ ਤੇ ਮਿਰਚਾਂ ਲੈਕੇ ਆਈ ਅਤੇ ਕਿਹਾ ਕਿ ਇਹ ਸਭ ਤਹਰੀਕੇ ਜਦੀਦ ਦੇ ਚੰਦੇ ਲਈ ਲਿਆਈ ਹੈ । ਓਥੋਂ ਦੇ ਸਦਰ ਸਾਹਬ ਨੇ ਦੱਸਿਆ ਕਿ ਉਹ ਹਰ ਮਹੀਨੇ ਚੰਦਾ ਦਿੰਦੀ ਹੈ ਅਤੇ ਜੇਕਰ ਉਸ ਦੀ ਮਾਂ ਉਸ ਨੂੰ ਚੰਦੇ ਦੇ ਪੈਸੇ ਨ ਦੇਵੇ ਤਾਂ ਉਹ ਰੋਂਦੀ ਹੈ ।

ਨਾਈਜੀਰਿਆ ਦੇ ਓਕੀਨੇ ਜਮਾਤ ਦੇ ਸਦਰ ਸਾਹਬ ਕਹਿੰਦੇ ਹਨ ਕਿ ਮੈਂ ਕੁਝ ਸਮਾਂ ਮਾਲੀ ਤੰਗੀ ਦਾ ਸ਼ਿਕਾਰ ਰਿਹਾ ਜਿਸ ਕਰਕੇ ਬਹੁਤ ਪਰੇਸ਼ਾਨੀ ਹੋਈ, ਫਿਰ ਇਕ ਦਿਨ ਖ਼ਿਆਲ ਆਇਆ ਕਿ ਮੈਂ ਤਿੰਨ ਚਾਰ ਮਹੀਨੇ ਦਾ ਚੰਦਾ ਨਹੀਂ ਦਿੱਤਾ ਹੈ ਸੰਭਵ ਹੈ ਕਿ ਇਸੇ ਕਰਕੇ ਮੈਂ ਮਾਲੀ ਮੁਸ਼ਕਲਾਂ ਦਾ ਸ਼ਿਕਾਰ ਹਾਂ । ਇਸ'ਤੇ ਮੈਂ ਤਿੰਨ ਮਹੀਨੇ ਬਾਦ ਚਾਰ ਹਜ਼ਾਰ ਨਾਇਰਾ ਚੰਦਾ ਅਦਾ ਕੀਤਾ । ਰੱਬ ਦੀ ਕਰਨੀ ਅਜਿਹੀ ਹੋਈ ਕਿ ਇਸੇ ਮਹੀਨੇ ਮੈਂ ਆਪਣੀ ਭੋਂਇ ਦਾ ਇਕ ਹਿਸੱਾ ਵੇਚਿਆ ਜਿਸ'ਤੇ ਮੇਰੇ ਮੌਲਾ ਕਰੀਮ ਨੇ ਮੈਂਨੂੰ ਅੱਠ ਲੱਖ ਦਾ ਮੁਨਾਫ਼ਾ ਪ੍ਰਦਾਨ ਕੀਤਾ, ਉਸ ਸਮੇਂ ਮੇਰੇ ਈਮਾਨ ਵਿੱਚ ਜਿਥੇ ਵੇਧਾ ਹੋਇਆ ਓਥੇ ਇਹ ਗੱਲ ਵੀ ਸਮਝ ਆ ਗਈ ਕਿ ਰੱਬ ਆਪਣੇ ਵਾਦਿਆਂ ਦਾ ਸਚੱਾ ਹੈ ਜੇਕਰ ਉਸਦੇ ਮਾਰਗ ਵਿੱਚ ਕੁਰਬਾਨੀ ਕਰੋਗੇ ਤਾਂ ਉਹ ਅਵਸ਼ ਕਈ ਗੁਣਾ ਵਧਾਕੇ ਤੁਹਾਨੂੰ ਵਾਪਸ ਕਰ ਦੇਵੇਗਾ । ਹੁਣ ਉਹਨਾਂ ਨੇ ਮਸਜਿਦ ਤੇ ਮਿਸ਼ਨ ਹਾਊਸ ਲਈ ਇਕ ਬਹੁਤ ਵੱਡਾ ਪਲਾਟ ਵੀ ਸ਼ਹਿਰੀ ਖੇਤਰ ਵਿੱਚ ਲੈ ਕੇ ਦਿੱਤਾ ਹੈ । ਤਨਜ਼ਾਨੀਆਂ ਤੋਂ ਇਕ ਅਹਮਦੀ ਮਾਰੂੰਡਾ ਸਾਹਬ ਲਿਖਦੇ ਹਨ ਕਿ ਮੇਰੀ ਤਾਲੀਮ ਮੈਟ੍ਰਿਕ ਹੈ ਇਕ ਲੰਮੇ ਸਮੇਂ ਤੋਂ ਬੇਰੋਜ਼ਗਾਰ ਸੀ ਮੈਂਨੂੰ ਇਕ ਗੈਸ ਕੰਪਨੀ ਵਿੱਚ ਸਿਕਓਰਟੀ ਗਾਰਡ ਦੀ ਨੋਕਰੀ ਮਿਲ ਗਈ । ਛਪੰਜਾ ਹਜ਼ਾਰ ਸ਼ਿਲਿੰਗ ਤੰਨਖਵਾ ਨਿਰਧਾਰਤ ਹੋਈ । ਮੈਂ ਉਸੇ ਸਮੇਂ ਰੱਬ ਅੱਗੇ ਪ੍ਰਣ ਕੀਤਾ ਕਿ ਮੈਂ ਆਪਣੀ ਤਨਖਾਹ ਵਿਚੋਂ ਨਿਧਾਰਤ ਸ਼ਰਾਹ ਅਨੁਸਾਰ ਚੰਦੇ ਦਿਆਂਗਾ ਭਾਵੇਂ ਮੈਂਨੂੰ ਕਿੰਨ੍ਹੀ ਵੀ ਮੁਸ਼ਕਲ ਕਿਉਂ ਨ ਪੇਸ਼ ਆਵੇ, ਚੰਦੇ ਵਿੱਚ ਸੁਸਤੀ ਨਹੀਂ ਕਰਾਂਗਾ । ਸੋ, ਉਸ ਖਾਦਿਮ ਨੇ ਆਪਣੇ ਇਸ ਪ੍ਰਣ ਨੂੰ ਨਿਭਾਇਆ । ਕਹਿੰਦੇ ਹਨ ਕਿ ਅੱਜ ਅਲੱਾਹ ਦੀ ਅਪਾਰ ਕ੍ਰਿਪਾ ਤੇ ਮਿਹਰ ਨਾਲ ਇਸੇ ਮਾਲੀ ਕੁਰਬਾਨੀ ਸਦਕਾ ਇਸ ਗੈਸ ਕੰਪਨੀ ਵਿੱਚ ਸੀਨੀਅਰ ਫ਼ੀਲਡ ਗੈਸ ਆਪਰੇਟਰ ਦੇ ਅਹੁਦੇ ਉਪੱਰ ਨਿਰਧਾਰਤ ਹਾਂ ਅਤੇ ਮੈਂਨੂੰ ਡੇਢ ਮਿਲੀਯਨ ਸ਼ਿਲਿੰਗ ਤਨਖਾਹ ਮਿਲ ਰਹੀ ਹੈ । ਮੇਰੀ ਯੋਗਤਾ ਕੇਵਲ ਮਾਮੂਲੀ ਦਸਵੀਂ ਪਾਸ ਹੀ ਹੈ ਕੰਪਨੀ ਦੇ ਕਾਨੂਨਾ ਅਨੁਸਾਰ ਮੈਂ ਇਸ ਅਹੁਦੇ ਦੇ ਯੋਗ ਵੀ ਨਹੀਂ ਹਾਂ ਪਰ ਕੇਵਲ ਅਲੱਾਹ ਦੀ ਮਿਹਰ ਅਤੇ ਸ਼ਰਾਹ ਅਨੁਸਾਰ ਮਾਲੀ ਚੰਦਾ ਦੇਣ ਕਰਕੇ ਇਹ ਬਰਕਤਾਂ ਹਨ ਕਿ ਮੈਂ ਇਸ ਅਹੁਦੇ ਉਪੱਰ ਨਿਰਧਾਰਤ ਹਾਂ ਅਤੇ ਅੱਜ ਵੀ ਸ਼ਰਾਹ ਅਨੁਸਾਰ ਚੰਦਾ ਅਦਾ ਕਰਦਾ ਹਾਂ । ਸੋ, ਇਹ ਲੋਕ ਸਦਭਾਵਨਾ ਤੇ ਵਫ਼ਦਾਰੀ ਵਿੱਚ ਵੱਧ ਰਹੇ ਹਨ ਅਤੇ 'ਵ ਅਨਫ਼ਿਕੂ ਖ਼ੈਰਨ ਲਿ ਅਨਫ਼ੁਸਿਕੁਮ (وَأَنْفِقُوا خَيْرًا لِأَنْفُسِكُمْ (التغابن17)) ਅਤੇ ਆਪਣੇ ਮਾਲ ਉਸ ਦੇ ਮਾਰਗ ਵਿੱਚ ਖਰਚ ਕਰਦੇ ਰਹੋ, ਇਹ ਤੁਹਾਡੀ ਜਾਨ ਲਈ

ਚੰਗਾ ਹੈ, ਇਸ ਵਿਸ਼ੇ ਨੂੰ ਸਮਝਣ ਵਾਲੇ ਹਨ । ਇਸ ਗੁੱਝੇ ਭੇਦ ਨੂੰ ਸਮਝਣ ਵਾਲੇ ਇਹ ਲੋਕ ਹਨ ਅਤੇ ਫਿਰ ਅਲੱਾਹ ਤਆਲਾ ਵੀ ਉਹਨਾਂ ਨੂੰ ਨਵਾਜ਼ਦਾ ਹੈ । ਸ਼ਹਾਬੁੱਦੀਨ ਸਾਹਬ ਇੰਡੀਆ ਦੇ ਇੰਸਪੈਕਟਰ ਤਹਰੀਕੇ ਜਦੀਦ ਲਿਖਦੇ ਹਨ ਕਿ ਇਕ ਸਾਹਬ ਜੜਚੱਲਾ ਦੇ ਪਹਿਲੀ ਪੰਕਤੀ ਦੇ ਮੁਜਾਹਦ ਹਨ, ਉਹਨਾਂ ਦਾ ਕਾਰੋਬਾਰ ਪ੍ਰਭਾਵਤ ਹੋ ਗਿਆ, ਰੀਅਲ ਇਸਟੇਟ ਦਾ ਕੰਮ ਸੀ ਕਈ ਮਹੀਨਿ ਬਹੁਤ ਪਰੇਸ਼ਾਨ ਰਹੇ ਅਤੇ ਫ਼ੋਨ ਕਰਕੇ ਉਹ ਚੰਦਿਆਂ ਦੀ ਅਦਾਇਗੀ ਲਈ ਦੁਆ ਦੀ ਬਿਨਤੀ ਵੀ ਕਰਦੇ ਰਹੇ, ਮੈਂਨੂੰ ਵੀ ਉਹਨਾ ਨੇ ਲਿੱਖਿਆ । ਇਕ ਦਿਨ ਰਾਤ ਨੂੰ ਉਹਨਾਂ ਦਾ ਫ਼ੋਨ ਆਇਆ ਕਿ ਮੈਂ ਹੁਣੇ ਮਿਲਣਾ ਹੈ, ਉਹਨਾਂ ਨੇ ਉਹਨਾਂ ਨੂੰ ਕਿਹਾ ਕਿ ਆਪ ਅਲੱਾਹ'ਤੇ ਭਰੋਸਾ ਰੱਖੋ ਦੋ ਰਕਅਤ ਨਫ਼ਲ ਪੜ੍ਹੋ ਅਤੇ ਸੌਂ ਜਾਓ, ਕਹਿੰਦੇ ਹਨ ਕਿ ਥੋੜੀ ਦੇਰ ਬਾਦ ਫਿਰ ਫ਼ੋਨ ਆਇਆ ਅਤੇ ਕਹਿਣ ਲੱਗੇ ਕਿ ਮੇਰੀ ਖ਼ਾਤਰ ਆਪ ਥੋੜੀ ਦੇਰ ਜਾਗਦੇ ਰਹੋ, ਮੈਂ ਆਪ ਨੂੰ ਮਿਲਣ ਲਈ ਆ ਰਿਹਾ ਹਾਂ । ਜੱਦ ਸ਼੍ਰੀਮਾਨ ਆਏ ਤਾਂ ਓਹਨਾਂ ਦੇ ਹੱਥ ਵਿੱਚ ਇਕ ਵੱਡੀ ਰਕਮ ਸੀ ਕਹਿਣ ਲੱਗੇ ਕਿ ਕਿਸੇ ਨੇ ਜੱਦ ਮੈਂ ਦੁਆ ਕਰ ਰਿਹਾ ਸੀ, ਇਕ ਅਜਿਹਾ ਮਨੁੱਖ ਜਿਸਦਾ ਵੱਡਾ ਕਾਰੋਬਾਰ ਸੀ ਫ਼ੋਨ ਕੀਤਾ, ਜਿਸਦੇ ਜ਼ਿੰਮੇ ਮੇਰੀ ਬਹੁਤ ਵੱਡੀ ਰਕਮ ਬਣਦੀ ਸੀ ਅਤੇ ਜਿਸ ਦੇ ਮਿਲਣ ਦੀ ਅਜੇ ਕੋਈ ਆਸ ਵੀ ਨਹੀਂ ਸੀ, ਉਸ ਨੇ ਮੈਂਨੂੰ ਫ਼ੋਨ ਕੀਤਾ ਕਿ ਫ਼ੋਰਨ ਆਪਣੀ ਰਕਮ ਲੈ ਜਾਓ । ਕਾਹਿੰਦੇ ਹਨ ਕਿ ਮੇਰੀ ਨੀਯਤ ਚੰਦਾ ਦੇਣ ਦੀ ਸੀ ਇਸ ਲਈ ਅਲੱਾਹ ਤਆਲਾ ਨੇ ਵੀ ਝੱਟ ਇਹ ਪ੍ਰਬੰਧ ਕਰ ਦਿੱਤਾ ਹੈ ।

ਇਸੇ ਪ੍ਰਕਾਰ ਬਸ਼ੀਰੁੱਦੀਨ ਸਾਹਬ ਨਾਇਬ ਵਕੀਲੁਲਮਾਲ ਕਾਦੀਆਂ ਕਹਿੰਦੇ ਹਨ ਕਿ ਜਮਾਤ ਦੇ ਇਕ ਸਦਭਾਵੀ ਮਿਤੱਰ ਨੇ ਢਾਈ ਗੁਣਾ ਵਾਧੇ ਨਾਲ ਆਪਣਾ ਵਾਦਾ ਲਿਖਵਾਇਆ ਅਤੇ ਆਪਣੇ ਆਫ਼ਿਸ ਲਈ ਰਵਾਨਾ ਹੋ ਗਏ ਜੱਦ ਓਥੇ ਪਹੁੰਚੇ ਤਾਂ ਕੁਝ ਹੀ ਚਿਰ ਪਿੱਛੋਂ ਸੈਕ੍ਰੇਟਰੀ ਸਾਹਬ ਤਹਰੀਕੇ ਜਦੀਦ ਨੂੰ ਫ਼ੋਨ ਕੀਤਾ ਅਤੇ ਦੱਸਿਆ ਕਿ ਉਹ ਵਾਦਾ ਲਿੱਖਵਾਕੇ ਮਸਜਿਦ ਤੋਂ ਬਾਹਰ ਨਿਕਲਦਿਆਂ ਹੀ ਮੈਂਨੂੰ ਆਪਣੇ ਕਾਰੋਬਾਰ ਵਿੱਚ ਵਧੇਰੇ ਲਾਭ ਦੀ ਸੂਚਨਾ ਮਿਲੀ ਹੈ, ਮੈਂ ਸਮਝਦਾ ਹਾਂ ਕਿ ਇਹ ਵਾਧੂ ਮੁਨਾਫ਼ਾ ਅਵਸ਼ ਹੀ ਅਲੱਹ ਤਆਲਾ ਦੀ ਵਿਸ਼ੇਸ਼ ਮਿਹਰ ਨਾਲ ਅਤੇ ਤਹਰੀਕੇ ਜਦੀਦ ਦੀ ਬਰਕਤ ਨਾਲ ਹੋਇਆ ਹੈ । ਇਸ ਲਈ ਆਪ ਮੇਰਾ ਵਾਦਾ ਦੁਗਣਾ ਕਰ ਦਿਓ । ਢਾਈ ਗੁਣਾ ਪਹਿਲਾਂ ਵਾਧਾ ਕਰ ਚੁਕੇ ਸਨ ਹੁਣ ਇਸ ਨੂੰ ਦੁਗਨਾ ਕਰ ਦਿੱਤਾ ਅਤੇ ਰੱਬ ਦੀ ਮਿਹਰ ਨਾਲ ਅਦਾਇਗੀ ਵੀ ਕਰ ਦਿੱਤੀ । ਇਸੇ ਪ੍ਰਕਾਰ ਕੇਰਾਲਾ ਇੰਡੀਆ ਦੇ ਮੁਰੱਬੀ ਸਾਹਬ ਲਿਖਦੇ ਹਨ ਕਿ ਇਕ ਜਮਾਤ ਸਦਭਾਵੀ ਮਿਤੱਰ ਨੇ ਪਿਛਲੇ ਸਾਲ ਆਪਣਾ ਤਹਰੀਕੇ ਜਦੀਦ ਦਾ ਚੰਦਾ ਦੁਗਨਾ ਕਰਕੇ ਅਦਾ ਕੀਤਾ ਸੀ ਅਤੇ ਇਸ ਸਾਲ ਵੀ ਅਲੱਾਹ ਦੀ ਮਿਹਰ ਨਾਲ ਗ਼ੈਰ ਮਾਮੂਲੀ ਅਦਾਇਗੀ ਕੀਤੀ ਹੈ । ਉਹਨਾਂ ਨੇ ਦੱਸਿਆ ਕਿ ਸੱਤ ਸਾਲ ਪਹਿਲਾਂ ਤੀਹ ਹਜ਼ਾਰ ਰੁਪਏ ਦੇ ਸਰਮਾਏ ਤੇ ਕੇਵਲ ਤਿੰਨ ਮਜ਼ਦੂਰਾਂ ਨਾਲ ਕੰਮ ਅਰੰਭ ਕੀਤਾ ਸੀ ਜੱਦ ਕਿ ਇਸ ਸਮੇਂ ਅਲੱਾਹ ਦੀ ਅਪਾਰ ਕ੍ਰਿਪਾ ਤੇ ਮਿਹਰ ਨਾਲ ਇੰਡੀਅ, ਦੁਬਈ ਅਤੇ ਇੰਡੋਨੇਸ਼ੀਆ ਵਿੱਚ ਰਵਰਵੁਡ ਫ਼ਰਨੀਚਰ ਦੀਆਂ ਅੱਠ ਫ਼ੈਕਟ੍ਰੀਆਂ ਹਨ ਜਿੰਨ੍ਹਾ ਵਿੱਚ ਪੰਜ ਸੌ ਤੋਂ ਵੱਧ ਕਾਰੀਗਰ ਕੰਮ ਕਰਦੇ ਹਨ । ਇਹ ਤਰੱਕੀ ਜੋ ਆਪ ਦੇਖ ਰਹੇ ਹੋ ਇਹ ਕੇਵਲ ਚੰਦਿਆਂ ਦੀ ਸ਼ਰਾਹ ਅਨੁਸਾਰ ਅਦਾਇਗੀ ਦੀ ਬਰਕਤ ਨਾਲ ਹੈ । ਉਕਤ ਸਦਭਾਵੀ ਕਹਿੰਦੇ ਹਨ ਕਿ ਮੈਂ ਜੱਦ ਚੰਦਾ ਅਦਾ ਕਰਦਾ ਹਾਂ ਖ਼ੁਦਾ ਤਆਲਾ ਸ਼ਾਮ ਤੱਕ ਮੈਂਨੂੰ ਉਸ ਤੋਂ ਕਿਤੇ ਵੱਧ ਬਖ਼ਸ਼ ਦਿੰਦਾ ਹੈ, ਮੈਂ ਕਦੇ ਵੀ ਮਾਲੀ ਤੰਗੀ ਦਾ ਸਵਾਲ ਹੀ ਨਹੀਂ ਕਿ ਮੈਂ ਅਨੁਭਵ ਕੀਤੀ ਹੋਵੇ । ਅਮਰੀਰ ਸਾਹਬ ਲਾਹੌਰ ਲਿਖਦੇ ਹਨ ਕਿ ਇਸੇ ਪ੍ਰਕਾਰ ਸਾਡੀਆਂ ਇਸਤਰੀਆਂ ਵੀ ਕਿਵੇਂ ਕੁਰਬਾਨੀਆਂ ਕਰਦੀਆਂ ਹਨ ਕਿ ਇਕ ਇਸਤਰੀ ਨੇ ਆਪਣੇ ਕੰਨਾ ਦੇ ਸੋਨੇ ਦੇ ਬੁੰਦੇ ਤਹਰੀਕੇ ਜਦੀਦ ਵਿੱਚ ਪੇਸ਼ ਕੀਤੇ । ਅਲੱਾਹ ਕਰੇ ਉਹਨਾਂ ਦੇ ਮਾਲ ਵਿੱਚ ਬਰਕਤ ਪਾਏ ਅਤੇ ਉਹਨਾਂ ਦੀ ਕੁਰਬਾਨੀ ਕਬੂਲ ਹੋਵੇ । ਨੈਸ਼ਨਲ ਸੈਕ੍ਰੇਟਰੀ ਤਹਰੀਕੇ ਜਦੀਦ ਜਰਮਨੀ ਲਿਖਦੇ ਹਨ ਕਿ ਇਕ ਕਰਜ਼ਦਾਰ ਮਿਤੱਰ ਦੀ ਗੱਲ ਲਿੱਖਦੇ ਹਨ ਕਿ ਉਹਨਾਂ ਨੇ ਤਹਰੀਕੇ ਜਦੀਦ ਵਿੱਚ ਵਿਸ਼ੇਸ਼ ਵਾਦਾ ਕਰ ਦਿੱਤਾ ਅਤੇ ਅਲੱਾਹ ਤਆਲਾ ਨੇ ਉਹਨਾਂ ਦੀ ਆਮਦ ਐਨ੍ਹੀ ਵਧਾ ਦਿੱਤੀ ਕਿ ਕਰਜ਼ ਵੀ ਅਦਾ ਹੋਗਿਆ ਅਤੇ ਉਹਨਾਂ ਨੂੰ ਨਵਾਂ ਘਰ ਵੀ ਖ਼ਰੀਦਨ ਦੀ ਤੌਫ਼ੀਕ ਪ੍ਰਦਾਨ ਕੀਤੀ, ਜੋ ਉਹਨਾਂ ਲਈ ਵੇਖਣ ਨੂੰ ਅਸੰਭਵ ਸੀ ।

ਸਵਿਟਜ਼ਰ ਲੈਂਡ ਤੋਂ ਮੁਬੱਲਗ਼ ਇੰਚਾਰਜ ਲਿਖਦੇ ਹਨ ਕਿ ਇਕ ਸਾਡੇ ਬੀਤਮ ਰੈਡਜ਼ੀਪੀ ਸਾਹਬ ਹਨ, ਪਿਛੱਲੇ ਸਾਲ ਉਹਨਾ ਨੇ ਅਕਤੂਬਰ ਵਿੱਚ ਬੈਅਤ ਕੀਤੀ ਸੀ । ਤਹਰੀਕੇ ਜਦੀਦ ਦਾ ਸਾਲ ਖ਼ਤਮ ਹੋਣ ਵਿੱਚ ਕੇਵਲ ਪੰਜ ਦਿਨ ਬਾਕੀ ਸਨ ਅਤੇ ਜਮਾਤ ਵਿੱਚ ਦਾਖ਼ਲ ਹੁੰਦਿਆਂ ਹੀ ਉਹਨਾਂ ਨੇ ਇਕ ਹਜ਼ਾਰ ਸਵਿਸ ਫ਼੍ਰਾਂਕ ਦੀ ਰਕਮ ਬਿਨਾ ਵਾਦੇ ਦੇ ਤਹਰੀਕੇ ਜਦੀਦ ਵਿੱਚ ਅਦਾ ਕੀਤੀ ਅਤੇ ਅਗਲੇ ਸਾਲ ਦਾ ਵਾਦਾ ਵੀ ਇਕ ਹਜ਼ਾਰ ਫ਼੍ਰਾਂਕ ਲਿੱਖਵਾਇਆ । ਫਿਰ ਦੌਰਾਨੇ ਸਾਲ ਉਹਨਾਂ ਨੂੰ ਮਾਲੀ ਕੁਰਬਾਨੀ ਦੀ ਮਹਤੱਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਆਪਣਾ ਵਾਦਾ ਦੁਗਣਾ ਕਰ ਦਿੱਤਾ ਅਤੇ ਤਹਰੀਕੇ ਜਦੀਦ ਦੇ ਨਾਲ ਨਾਲ ਵਕਫ਼ੇ ਜਦੀਦ ਵਿੱਚ ਵੀ ਦੋ ਹਜ਼ਾਰ ਫ਼੍ਰਾਂਕ ਦਾ

ਵਾਦਾ ਲਿਖਵਾ ਦਿੱਤਾ । ਉਕਤ ਸਦਭਾਵੀ ਜਿਸ ਕੰਪਨੀ ਵਿੱਚ ਕੰਮ ਕਰਦੇ ਹਨ ਉਸ ਨੇ ਉਹਨਾ ਨੂੰ ਇਕ ਅਜਿਹੇ ਕੋਰਸ ਦੀ ਆਫ਼ਰ ਕਰ ਦਿੱਤੀ ਜੋ ਬਹੁਤ ਮਹਿੰਗਾ ਹੁੰਦਾ ਹੈ । ਇਹ ਕੰਪਨੀ ਆਮ ਕਰਕੇ ਉਹਨਾ ਮੁਲਾਜ਼ਮਾਂ ਨੂੰ ਹੀ ਕੋਰਸ ਕਰਵਾਉਂਦੀ ਹੈ ਜਿੰਨ੍ਹਾ ਕੋਲ ਤਜਰਬਾ ਹੋਵੇ ਅਤੇ ਜਿੰਨ੍ਹਾ ਦੀ ਉਮਰ 35 ਸਾਲ ਤੋਂ ਵੱਧ ਹੋਵੇ । ਉਹ ਕਹਿੰਦੇ ਹਨ ਕਿ ਮੇਰੀ ਉਮਰ 23 ਸਾਲ ਹੈ ਅਤੇ ਮੈਂ ਇਸ ਬਾਰੇ ਸੋਚਿਆ ਵੀ ਨਹੀਂ ਸੀ ਕਿ ਕੰਪਨੀ ਨੇ ਆਪ ਮੈਂਨੂੰ ਇਹ ਕੋਰਸ ਕਰਾਉਣ ਦੀ ਆਫ਼ਰ ਦਿਤੀ, ਅਵਸ਼ ਹੀ ਇਹ ਮਾਲੀ ਕੁਰਬਾਨੀ ਦਾ ਫਲ ਹੈ ਜੋ ਅਲੱਾਹ ਤਆਲਾ ਨੇ ਮੈਂਨੂੰ ਬਖ਼ਸ਼ਿਆ ਹੈ ।

ਸੋ, ਇਹ ਜੋ ਨਵੇਂ ਆਉਣ ਵਾਲੇ ਹਨ ਯੋਰੁਪ ਵਿੱਚ ਵੀ ਉਹਨਾਂ ਨੂੰ ਵੀ ਆਪਣੀ ਹਸਤੀ ਦਾ ਵਿਸ਼ਵਾਸ ਦੁਆਉਂਦਾ ਹੈ । ਇਸੇ ਪ੍ਰਕਾਰ ਮੈਸੀਡੋਨੀਯਨ ਸਵਿਸ ਅਹਮਦੀ ਬੀਖਮ ਸਾਹਬ ਹਨ ਕਹਿੰਦੇ ਹਨ ਕਿ ਜਿਸ ਕੰਪਨੀ ਵਿੱਚ ਮੈਂ ਕੰਮ ਕਰਦਾ ਹਾਂ ਉਸ ਦਾ ਮਾਲਕ ਕੰਜੂਸ ਤੇ ਤੰਗਦਿਲ ਮਨੁੱਖ ਹੈ । ਬਿਨਾ ਕਿਸੇ ਪ੍ਰਕਟ ਸਬਬ ਦੇ ਮੇਰੀ ਤਨਖਾਹ ਵਿੱਚ ਵਾਧਾ ਕਰ ਦਿੱਤਾ । ਮੈਂ ਸਮਝਦਾ ਹਾਂ ਕਿ ਕੇਵਲ ਅਤੇ ਕੇਵਲ ਮਾਲੀ ਕੁਰਬਾਨੀ ਦਾ ਸਿੱਟਾ ਹੈ । ਏਥੇ ਨਸੀਰੁੱਦੀਨ ਸਾਹਬ ਰਿਜਨਲ ਅਮੀਰ ਲੰਦਨ ਦੇ ਹਨ ਇਕ ਮਿਤੱਰ ਦੀ ਗੱਲ ਲਿੱਖਦੇ ਹਨ ਕਿ ਇਕ ਅਹਮਦੀ ਮਿਤੱਰ ਨੇ ਦੱਸਿਆ ਕਿ ਅਲੱਾਹ ਤਆਲਾ ਤੋਂ ਬਹੁਤ ਦੁਆ ਕੀਤੀ ਕਿ ਚੰਦਾ ਤਹਰੀਕੇ ਜਦੀਦ ਬਾਰੇ ਮੇਰੀ ਮਦਦ ਫ਼ਰਮਾ । ਅਲੱਾਹ ਤਆਲਾ ਵੱਲੋਂ ਮੇਰੇ ਦਿਲ ਵਿੱਚ ਇਹ ਵਿਚਾਰ ਪਾਇਆ ਗਿਆ ਕਿ ਦਫ਼ਤਰ ਜਾਂਦਿਆਂ ਹੋਇਆ ਟ੍ਰੇਨ ਵਿੱਚ ਜਾਣ ਦੀ ਥਾਂ ਬਸ'ਤੇ ਜਾਇਆ ਕਰਾਂ ਇਸ ਪ੍ਰਕਾਰ ਮੈਂਨੂੰ ਮੁਫ਼ਤ ਸਫ਼ਰ ਦੀ ਸਹੂਲਤ ਮਿਲੇਗੀ ਅਤੇ ਬਚਤ ਵੀ ਹੋ ਜਾਵੇਗੀ । ਇਸ ਪ੍ਰਕਾਰ ਪ੍ਰਤੀਦਿਨ ਦੋ ਪੋਂਡ ਦੀ ਬਚਤ ਹੋਣ ਲੱਗੀ ਅਤੇ ਸਾਲ ਭਰ ਅਜਿਹਾ ਕਰਦੇ ਰਹੇ ਅਤੇ ਕੁਲ ਚਾਰ ਸੌ ਪੌਂਡ ਦੀ ਬਚਤ ਹੋਈ ਜੋ ਤਹਰੀਕੇ ਜਦੀਦ ਵਿੱਚ ਚੰਦਾ ਅਦਾ ਕਰ ਦਿੱਤਾ । ਇੰਝ ਵੀ ਲੋਕ ਸੋਚਦੇ ਹਨ । ਇਕ ਸਾਹਬ ਦੇ ਘਰ ਡਕੈਤੀ ਹੋਈ ਸਾਰੇ ਘਰ ਦਾ ਮਾਲ ਲੁੱਟ ਲਿਆ, ਇੱਥੇ ਲੰਦਨ ਵਿੱਚ ਹੀ, ਪਰ ਇਕ ਹਜ਼ਾਰ ਪੌਂਡ ਜੋ ਉਹਨਾਂ ਨੇ ਰੱਖਿਆ ਹੋਇਆ ਸੀ ਤਹਰੀਕੇ ਜਦੀਦ ਦੇ ਚੰਦੇ ਲਈ ਉਹ ਸੁਰੱਖਿਅਤ ਰਿਹਾ । ਇਸੇ ਪ੍ਰਕਾਰ ਆਸਟ੍ਰੇਲੀਆ ਦੇ ਮਿਸ਼ਨਰੀ ਇੰਚਾਰਜ ਸਾਹਬ ਲਿੱਖਦੇ ਹਨ ਕਿ ਬੀਤੇ ਦਿਨੀ ਏਥੇ ਖ਼ੁਦੱਾਮੁਲ ਅਹਮਦੀਆ ਦਾ ਇਜਤਮਾ ਸੀ, ਮੈਂ ਤਹਰੀਕੇ ਜਦੀਦ ਬਾਰੇ ਧਿਆਨ ਦੁਆਇਆ । ਖ਼ੁਦੱਾਮ ਅਤੇ ਇਤਫ਼ਾਲ ਨੂੰ ਵਾਉਚਰ ਦੇ ਰੂਪ ਵਿੱਚ ਪੁਰਸਕਾਰ ਵੀ ਵੰਡੇ ਗਏ । ਤਿੰਨ ਇਤਫ਼ਾਲ (ਬੱਚੇ) ਅਰਸਲਾਨ, ਆਤਫ਼ ਤੇ ਕਾਮਰਾਨ ਵਰਨਣ ਯੋਗ ਹਨ, ਇਹਨਾ ਨੂੰ 89 ਡਾਲਰ ਵਾਉਚਰ ਦੇ ਰੂਪ ਵਿੱਚ ਮਿਲੇ । ਕਹਿੰਦੇ ਹਨ ਕਿ ਤਹਿਰੀਕ ਕਰਨ ਦੇ ਬਾਦ ਇਹਨਾਂ ਬੱਚਿਆਂ ਨੇ ਆਪਣੇ ਜੇਬ ਖਰਚ ਵਿੱਚੋਂ ਗਿਆਰ੍ਹਾਂ ਡਾਲਰ ਵਧੇਰੇ ਪਾਕੇ ਪੂਰੇ ਸੌ ਡਾਲਰ ਕਰਕੇ ਝੱਟ ਤਹਰੀਕੇ ਜਦੀਦ ਵਿੱਚ ਚੰਦੇ ਦੇ ਰੂਪ ਵਿੱਚ ਦੇ ਦਿੱਤੇ । ਇਹਕੁਝ ਘਟਨਾਵਾਂ ਹਨ ਜੋ ਅਨੇਕਾਂ ਹੀ ਘਟਨਾਵਾਂ ਵਿੱਚੋਂ ਵਰਨਣ ਕੀਤੀਆਂ ਹਨ । ਕੇਵਲ ਪੁਰਾਣੇ ਅਹਮਦੀ ਹੀ ਕੁਰਬਾਨੀਆ ਨਹੀਂ ਦੇ ਰਹੇ ਸਗੋਂ ਨਵੇਂ ਦਾਖ਼ਲ ਹੋਣ ਵਾਲੇ ਵੀ। ਜਿਵੇਂ ਕਿ ਮੈਂ ਕਿਹਾ ਅਫਰੀਕਾ ਵਿੱਚ ਵੀ ਯੁਰੋਪ ਵਿੱਚ ਵੀ ਅਤੇ ਇਸਤਰੀਆਂ ਵੀ ਹੈਰਾਨੀ ਭਰਪੂਰ ਕੁਰਬਾਨੀਆਂ ਦੇ ਰਹੇ ਹਨ।

ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਚੰਦਾ 'ਆਮ' ਦੀ ਸਰਬ ਪ੍ਰਥਮ ਮਹੱਤਾ ਹੈ ਅਤੇ ਹਰ ਕਮਾਉਣ ਵਾਲੇ ਨੂੰ ਇਹ ਦੇਣਾ ਚਾਹੀਦਾ ਹੈ । ਇਸ ਦੇ ਬਾਦ ਫਿਰ ਸਮਰਥਾ ਅਨੁਸਾਰ ਤਹਰੀਕੇ ਜਦੀਦ, ਵਕਫ਼ੇ ਜਦੀਦ ਅਤੇ ਦੂਜੇ ਹੋਰ ਤਹਰੀਕਾਂ ਦੇ ਚੰਦੇ ਹਨ ।

ਹੁਣ ਮੈਂ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਤਹਰੀਕੇ ਜਦੀਦ ਦਾ ਸਾਲ ਨਵੰਬਰ ਵਿੱਚ ਅਰੰਭ ਹੁੰਦਾ ਹੈ ਇਸ ਸਮੇਂ ਮੈਂ ਬੀਤੇ ਸਾਲ ਦੀ ਰਿਪੋਰਟ ਅਤੇ ਨਵੇਂ ਸਾਲ ਦੇ ਐਲਾਨ ਗਰਾਂਗਾ । ਇਹ ਤਹਰੀਕੇ ਜਦੀਦ ਦਾ ਅੱਸੀਵਾਂ ਸਾਲ ਸੀ ਜੋ 31 ਅਕਤੂਬਰ 2014 ਈ. ਨੂੰ ਖ਼ਤਮ ਹੋਇਆ ਅਤੇ ਰਿਪੋਰਟਾਂ ਅਨੁਸਾਰ ਇਸ ਸਾਲ ਚੁਰਾਸੀ ਲੱਖ ਸਤੱਰ ਹਜ਼ਾਰ ਅੱਠ ਸੌ ਪੌਂਡ ਦੀ ਮਾਲੀ ਕੁਰਬਾਨੀ ਜਮਾਤ ਨੇ ਦਿੱਤੀ । ਅਲਹਮਦੁਲਿਲੱਾਹ । ਇਹ ਵਸੂਲੀ ਬੀਤੇ ਸਾਲ ਦੇ ਟਾਕਰੇ'ਤੇ ਛੇ ਲੱਖ ਕੁਝ ਸੌ ਅਧਿਕ ਹੈ । ਅਕੇ ਪਾਕਿਸਤਾਨ ਆਪਣੇ ਮਾੜੇ ਹਾਲਾਤ ਹੁੰਦਿਆਂ ਹੋਇਆ ਵੀ ਇਸ ਵਾਰ ਵੀ ਪਹਿਲੇ ਨੰਬਰ'ਤੇ ਹੀ ਹੈ । ਪਾਕਿਸਤਾਨ ਤੋਂ ਬਿਨਾ ਬਾਹਰ ਦੀਆਂ ਜੋ ਦਸ ਜਮਾਤਾਂ ਹਨ, ਉਹਨਾਂ ਵਿੱਚ ਜਰਮਨੀ ਪਹਿਲੇ ਨੰਬਰ'ਤੇ ਹੈ, ਬਰਤਾਨੀਆਂ ਦੂਜੇ ਨੰਬਰ'ਤੇ ਪਿਛਲੇ ਸਾਲ ਯੂਕੇ ਤੀਜੇ ਨੰਬਰ'ਤੇ ਸੀ ਇਸ ਵਾਰ ਦੂਜੇ ਨੰਬਰ'ਤੇ ਆ ਗਏ ਹਨ । ਅਮਰੀਕਾ ਤੀਜੇ ਨੰਬਰ'ਤੇ, ਕੈਨੇਡਾ ਚੌਥੇ ਨੰਬਰ'ਤੇ, ਇੰਡੀਆ ਪੰਜਵੇਂ ਨੰਬਰ'ਤੇ, ਆਸਟ੍ਰੇਲੀਆ ਛੇਵੇਂ ਨੰਬਰ'ਤੇ, ਇੰਡੋਨੇਸ਼ੀਆ ਸਤਵੇਂ ਨੰਬਰ'ਤੇ, ਆਸਟ੍ਰੇਲੀਆ ਵੀ ਇਕ ਨੰਬਰ ਅੱਗੇ ਆ ਗਿਆ ਹੈ ਅਤੇ ਇੰਡੋਨੇਸ਼ੀਆ ਪਿੱਛੇ ਚਲਾ ਗਿਆ ਹੈ । ਇਸ ਤੋਂ ਬਿਨਾ ਮਿਡਲ ਈਸਟ ਦੀਆਂ ਕੁਝ ਜਮਾਤਾਂ ਹਨ ਫਿਰ ਸਵਿਟਜ਼ਰ ਲੈਂਡ, ਘਾਨਾ ਅਤੇ ਨਾਈਜੀਰੀਆ ਹਨ । ਪਹਿਲੀ ਦੱਸ ਜਮਾਤਾਂ ਵਿੱਚੋਂ ਜੋ ਵਸੂਲੀ ਕਰੰਸੀ ਦੇ ਪੱਖੋਂ ਵਸੂਲੀ ਵਿੱਚ ਵਾਧਾ ਹੈ ਉਹ ਘਾਨਾ ਨੰਬਰ ਇਕ'ਤੇ ਹੈ ਲਗਭਗ 50 ਪ੍ਰਤੀਸ਼ਤ ਉਹਨਾਂ ਨੇ ਵਾਧਾ ਕੀਤਾ ਹੈ ।

ਲੋਕਲ ਕਰੰਸੀ ਅਨੁਸਾਰ ਆਸਟ੍ਰੇਲੀਆ ਨੰਬਰ ਦੋ'ਤੇ ਹੈ, ਉਹਨਾਂ ਨੇ 44% ਫਿਰ ਕੁਝ ਮਿਡਲ ਈਸਟ ਦੀਆਂ ਜਮਾਤਾਂ ਹਨ 17%, ਸਵਿਟਜ਼ਰ ਲੈਂਡ ਲਗਭਗ 15%, ਪਾਕਿਸਤਾਨ 14%, ਯੂ.ਕੇ. 13%, ਇੰਡੋਨੇਸ਼ੀਆ ਹੈ ਭਾਰਤ, ਜਰਮਨੀ ਬਰਾਬਰ ਹਨ ਕੈਨੇਡਾ ਅਖੀਰਲੇ ਨੰਬਰ'ਤੇ ਹੈ ਇਹਨਾਂ ਦੱਸਾਂ ਜਮਾਤਾਂ ਵਿੱਚ ਫ਼ੀ ਕਸ ਆਦਾਇਗੀ ਦੇ ਪੱਖੋਂ ਅਮਰੀਕਾ ਪਹਿਲੇ ਨੰਬਰ'ਤੇ, ਸਵਿਟਜ਼ਰ ਲੈਂਡ ਦੂਜੇ ਨੰਬਰ'ਤੇ ਅਤੇ ਆਸਟ੍ਰੇਲੀਆ ਤੀਜੇ ਨੰਬਰ'ਤੇ ਹੈ ।

ਬੀਤੇ ਸਲਾਂ ਵਿੱਚ ਮੈਂ ਦੋ ਤਿੰਨ ਸਾਲਾਂ ਤੋਂ ਧਿਆਨ ਦੁਆ ਰਿਹਾ ਹਾਂ ਕਿ ਤਹਰੀਕੇ ਜਦੀਦ ਵਿੱਚ, ਵਕਫ਼ੇ ਜਦੀਦ ਵਿੱਚ ਗਿਣਤੀ ਵਿੱਚ ਵਾਧਾ ਹੋਣਾ ਚਾਹੀਦਾ ਹੈ । ਇਹ ਨ ਦੇਖੋ ਕਿ ਰਕਮ ਵੱਧਦੀ ਕਿ ਨਹੀਂ, ਸਦਭਾਵਨਾ ਰੱਖਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਣਾ ਚਾਹੀਦਾ ਹੈ । ਅਲੱਾਹ ਤਆਲਾ ਦੀ ਅਪਾਰ ਮਿਹਰ ਨਾਲ ਇਸ ਸਾਲ ਕੁਲ ਗਿਣਤੀ ਬਾਰ੍ਹਾਂ ਲੱਖ ਗਿਆਰ੍ਹਾਂ ਹਜ਼ਾਰ ਸੱਤ ਸੌ ਹੋ ਗਈ ਹੈ ਅਤੇ ਬੀਤੇ ਚਾਰ ਸਾਲਾਂ ਵਿੱਚ ਲਗਭਗ ਛੇ ਲੱਖ ਦਾ ਵਾਧਾ ਹੋਇਆ ਹੈ । ਇਸ ਗਿਣਤੀ ਵਿੱਚ ਜੋ ਨਵੇਂ ਸ਼ਾਮਲ ਹੋਏ ਹਨ ਦਫ਼ਤਰ ਅਵੱਲ ਦੇ ਖਾਤੇ ਵਿੱਚ ਅਲੱਾਹ ਦੀ ਮਿਹਰ ਨਾਲ ਪੰਜ ਹਜ਼ਾਰ ਨੌ ਸੌ ਸਤੱਾਈ ਲੋਕ ਹਨ ਇਸ ਵਿੱਚ । ਦਫ਼ਤਰ ਦੇ ਰਿਕਾਰਡ ਅਨੁਸਾਰ ਇਕ ਸੌ ਪੰਜ ਅਲੱਾਹ ਦੀ ਮਿਹਰ ਨਾਲ ਜੀਉਂਦੇ ਹਨ । ਬਾਕੀ ਫ਼ੌਤ ਹੋ ਚੁਕੇ ਲੋਕਾਂ ਦੇ ਪੰਜ ਹਜ਼ਾਰ ਅੱਠ ਸੌ ਬਾਈ ਖਾਤੇ ਹਨ ਜੋ ਉਹਨਾਂ ਦੇ ਵਾਰਸਾਂ ਜਾਂ ਹੋਰਨਾ ਸਦਭਰਵੀਆਂ ਨੇ ਅਰੰਭ ਰੱਖੇ ਹਨ । ਇੰਡੀਆ ਦੀ ਪਹਿਲੀ ਦਸ ਸੂਬਾਈ (ਪ੍ਰਾਂਤੀ) ਜਮਾਤਾਂ ਵਿੱਚੋਂ ਕੇਰਾਲਾ ਨੰਬਰ ਇਕ, ਤਾਮਿਲਨਾਡੂ, ਕਰਨਾਟਕ, ਆਂਧਰਾ ਪ੍ਰਦੇਸ਼, ਜੰਮੂ ਕਸ਼ਮੀਰ, ਉੜੀਸਾ, ਬੰਗਾਲ, ਪੰਜਾਬ, ਦਿੱਲੀ, ਲਕਸ਼ਦੀਪ ਹਨ । ਦਸ ਜਮਾਤਾਂ ਵਿੱਚੋਂ ਪਹਿਲੀ ਕਰੂਲਾਈ, ਫਿਰ ਲੜੀਵਾਰ ਕਾਲੀਕਟ, ਹੈਦਰਾਬਾਦ, ਕਾਦੀਆਂ, ਕੈਨਾਨੂਰ ਟਾਊਨ, ਪੈਂਗਾਡੀ, ਸੋਲੋਰ, ਕੋਲਕਾਤਾ, ਚਿਨਈ, ਬੈਂਗਲੂਰ । ਅਲੱਾਹ ਤਆਲਾ ਇਹਨਾਂ ਸਾਰਿਆਂ ਦੀ ਮਾਲੀ ਕੁਰਬਾਨੀਆਂ ਕਬੂਲ ਫ਼ਰਮਾਏ ਅਤੇ ਇਹਨਾ ਦੇ ਧੰਨ ਮਾਲ ਤੇ ਨਫ਼ੂਸ ਵਿੱਚ ਅਥਾਹ ਬਰਕਤ ਬਖ਼ਸ਼ੇ ਅਤੇ ਜਮਾਤੀ ਨਿਜ਼ਾਮ ਨੂੰ ਵੀ ਤੌਫ਼ੀਕ ਪ੍ਰਦਾਨ ਕਰੇ ਕਿ ਇਹਨਾਂ ਦੇ ਮਾਲ ਨੂੰ ਉਚਿਤ ਢੰਗ ਨਾਲ ਖ਼ਰਚ ਕਰਨ ਵਾਲੇ ਹੋਣ ।

ਨਮਾਜ਼ਾਂ ਮਗਰੋ ਇਕ ਨਮਾਜ਼ ਜਨਾਜ਼ਾ ਗ਼ਾਇਬ ਵੀ ਪੜ੍ਹਾਵਾਂਗਾ ਜੋ ਸਾਡੇ ਮੁਅਲੱਮ ਮੁਕਰੱਮ ਅਲਹਾਜ ਯੂਸੁਫ਼ ਐਡੋਸਈ ਸਾਹਬ ਆਫ਼ ਘਾਨਾ ਦਾ ਹੈ ਜੋ 2 ਨਵੰਬਰ ਦੀ ਰਾਤ ਪੌਨੇ ਬਾਰ੍ਹਾਂ ਵਜੇ ਕਮਾਸੀ ਵਿੱਚ ਇਲਾਹੀ ਹੁਕਮ ਅਨੁਸਾਰ ਰੱਬ ਨੂੰ ਪਿਆਰੇ ਹੋ ਗਏ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (إِنَّا لِلّٰهِ وَإِنَّا إِلَيْهِ رَاجِعُونَ) । 15 ਦਸੰਬਰ 1942 ਈ. ਵਿੱਚ ਇਕ ਈਸਾਈ ਘਰਾਣੇ ਵਿੱਚ ਪੈਦਾ ਹੋਏ । 16 ਸਾਲ ਦੀ ਉਮਰ ਵਿੱਚ ਅਹਮਦੀਅਤ ਕਬੂਲ ਕੀਤੀ । 20 ਸਾਲ ਦੀ ਉਮਰ ਵਿੱਚ ਇਹਨਾਂ ਨੇ ਜਾਮਿਆਤੁਲ ਮੁਬੱਸ਼ਰੀਨ ਘਾਨਾ ਤੋਂ ਆਪਣੀ ਤਾਲੀਮ ਪੂਰੀ ਕੀਤੀ । ਹਜ਼ੂਰ ਅਨਵਰ ਨੇ ਉਹਨਾਂ ਦੇ ਚੰਗੇ ਗੁਣਾ ਅਤੇ ਸੇਵਾ ਦਾ ਸਾਮੂਹਿਕ ਵਰਨਣ ਕੀਤਾ ਅਤੇ ਦੁਆ ਕੀਤੀ ਕਿ ਅਲੱਾਹ ਤਆਲਾ ਮਰਹੂਮ ਦੇ ਦਰਗੇ ਬੁਲੰਦ ਫ਼ਰਮਾਏ ਅਤੇ ਉਹਨਾਂ ਦੀ ਸੰਤਾਨ ਨੂੰ ਵੀ ਸਦਭਾਵਨਾ ਤੇ ਵਫ਼ਦਾਰੀ ਵਿੱਚ ਵਧਾਉਂਦਾ ਜਾਵੇ । ਆਮੀਨ ।


**Khulasa Khutba 7.11.2014**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131